**Exam. Code : 103201**
**Subject Code : 1013**

**B.A./B.Sc. 1st Semester (Batch 2021-24)**

**PUNJABI (Elective)**

Time Allowed—3 Hours] [Maximum Marks—100

**ਨੋਟ** :— ਹਰੇਕ ਭਾਗ ਵਿੱਚੋਂ ਘੱਟੋ-ਘੱਟ **ਇੱਕ** ਪ੍ਰਸ਼ਨ ਦੀ ਚੋਣ ਕਰਦੇ ਹੋਏ, ਕੁੱਲ **ਪੰਜ** ਪ੍ਰਸ਼ਨ ਕਰੋ। **ਪੰਜਵਾਂ** ਪ੍ਰਸ਼ਨ ਕਿਸੇ ਵੀ ਭਾਗ ਵਿੱਚੋਂ ਕੀਤਾ ਜਾ ਸਕਦਾ ਹੈ। ਸਾਰੇ ਪ੍ਰਸ਼ਨਾਂ ਦੇ ਅੰਕ ਬਰਾਬਰ ਹਨ।

**ਭਾਗ—ਪਹਿਲਾ**

1. ਨਿਮਨ ਲਿਖਤ ਵਿੱਚੋਂ ਕਿਸੇ **ਦੋ** ਕਾਵਿ-ਟੋਟਿਆਂ ਦੀ ਪ੍ਰਸੰਗ-ਸਹਿਤ ਵਿਆਖਿਆ ਕਰੋ :

(ੳ) ਸਾਉਣ ਮਾਹ, ਝੜੀਆਂ ਗਰਮੀ ਝਾੜ ਸੁੱਟੀ,
ਧਰਤੀ ਪੁੰਗਰੀ, ਟਹਿਕੀਆਂ ਡਾਲੀਆਂ ਨੇ।
ਰਾਹ ਰੋਕ ਲਏ ਛੱਪੜਾਂ, ਟੋਭਿਆਂ ਨੇ,
ਨਦੀਆਂ, ਨਾਲਿਆਂ ਜੂਹਾਂ ਹੰਘਾਲੀਆਂ ਨੇ।
ਧਾਈਂ ਉੱਸਰੇ, ਨਿੱਸਰੀ ਚਰ੍ਹੀ, ਮੱਕੀ ਤੇ
ਕਪਾਹ ਨਾ ਜਾਣ ਸੰਭਾਲੀਆਂ ਨੇ।

(ਅ) ਏਸ ਜਨਮ ਵੀ ਉਹਨਾਂ ਕੌਰਵਾਂ

ਉਹੀਓ ਚਿਹਰੇ ਉਹੀਓ ਮੋਹਰੇ

ਉਹੀ ਬਿਸਾਤ ਵਿਛਾਈ .....

ਉਹੀ ਪੰਜ ਤੱਕ ਦੀ ਕਾਇਆ

ਮੈਂ ਉਹੀਉ ਨਾਰ ਦ੍ਰੋਪਦੀ

ਅਜ ਜੂਆ ਖੇਡਣ ਆਈ .......

(ੲ) ਜੇ ਤੂੰ ਪੰਧ ਜ਼ਿੰਦਗੀ ਦਾ ਸੌਖ ਨਾਲ ਕਟਣਾ ਏਂ,

ਦੁਨੀਆਂ ਦੇ ਲੋਭ ਵਾਲੀ ਮੋਢਿਉਂ ਉਤਾਰ ਗੰਢ।

ਪੱਲਾ ਫੜੀ ਇਕ ਦਾ ਜਹਾਨ ਵਿੱਚ ਘੁੱਟ ਕੇ ਤੂੰ,

ਜਣੇ-ਖਣੇ ਨਾਲ ਪਿਆ ਐਵੇਂ ਨਾ ਪਿਆਰ ਗੰਢ।

(ਸ) ਮੇਰਾ ਹਰ ਚਾਅ ਇਨ੍ਹਾਂ ਫ਼ਸਲਾਂ ਦੀ ਮੁਕਤੀ ਨਾਲ ਜੁੜਿਆ ਹੈ,

ਤੇਰੀ ਮੁਸਕਾਨ ਦੀ ਗਾਥਾ ਹੈ, ਹਰ ਕਿਰਸਾਨ ਦੀ ਗਾਥਾ।

ਮੇਰੀ ਕਿਸਮਤ ਹੈ ਬੱਸ ਹੁਣ ਬਦਲਦੇ ਹੋਏ ਵਕਤ ਦੀ ਕਿਸਮਤ,

ਮੇਰੀ ਗਾਥਾ ਹੈ ਬੱਸ ਹੁਣ ਲਿਸ਼ਕਦੀ ਕਿਰਪਾਨ ਦੀ ਗਾਥਾ।

2. ਕਿਸੇ **ਇੱਕ** ਕਵਿਤਾ ਦਾ ਵਿਸ਼ਾ-ਵਸਤੂ ਵਰਨਣ ਕਰੋ :

(ੳ) ਭੋਲਾ ਪੰਛੀ

(ਅ) ਜੰਗਲ ਦੇ ਵਿੱਚ ਰਾਤ ਪਈ ਹੈ।



### ਭਾਗ—ਦੂਜਾ

3. 'ਸੂਰਜਾਂ ਦੇ ਹਾਣੀ' ਨਾਵਲ ਦਾ ਵਿਸ਼ਾ-ਵਸਤੂ ਕੀ ਹੈ ? ਵਿਸਥਾਰ ਵਿੱਚ ਚਰਚਾ ਕਰੋ।

4. 'ਸੂਰਜਾਂ ਦੇ ਹਾਣੀ' ਨਾਵਲ ਵਿੱਚੋਂ ਕਿਸੇ **ਦੋ** ਪਾਤਰਾਂ ਦਾ ਪਾਤਰ-ਚਿਤਰਨ ਕਰੋ :

(1) ਬਚਿੱਤਰ ਸਿੰਘ

(2) ਪ੍ਰਕਾਸ਼ਾਨੰਦ

(3) ਬਸੰਤ ਸਿੰਘ।

### ਭਾਗ—ਤੀਜਾ

5. ਰਸ ਸੰਪ੍ਰਦਾਇ ਬਾਰੇ ਜਾਣਕਾਰੀ ਪ੍ਰਦਾਨ ਕਰੋ।

6. ਧੁਨੀ ਸੰਪ੍ਰਦਾਇ ਪ੍ਰਭਾਸ਼ਿਤ ਕਰਕੇ ਜਾਣਕਾਰੀ ਪ੍ਰਦਾਨ ਕਰੋ।

### ਭਾਗ—ਚੌਥਾ

7. ਸਮਾਨਾਰਥਕ ਸ਼ਬਦ ਕੀ ਹੁੰਦੇ ਹਨ ? ਇਸ ਬਾਰੇ ਜਾਣਕਾਰੀ ਦਿਓ।

8. ਸ਼ਬਦ ਦੇ ਅਰਥ ਸੰਬੰਧੀ ਅਪੋਹ ਸਿਧਾਂਤ ਬਾਰੇ ਚਰਚਾ ਕਰੋ।